# ਕੀ ਮੇਰਾ ਮਕਾਨ ਮਾਲਕ ਉਹ ਕਰ ਸਕਦਾ ਹੈ?

❖ ਇਸ ਨੂੰ ਤੱਦ ਹੀ ਪੜ੍ਹੋ ਜੇਕਰ ਤੁਸੀਂ ਵਾਸ਼ਿੰਗਟਨ ਰਾਜ ਵਿੱਚ ਰਹਿੰਦੇ ਹੋ।

## ਮੈਂ ਆਪਣੇ ਮਕਾਨ ਮਾਲਕ ਨੂੰ ਮੇਰੇ ਡਿਪਾਜ਼ਿਟ ਦੀ ਅਦਾ ਕਰਨ ਲਈ ਅਦਾਇਗੀ ਯੋਜਨਾ ਬਾਰੇ ਪੁੱਛਿਆ। ਕੀ ਮਕਾਨ ਮਾਲਕ ਮੈਨੂੰ ਇੰਨਕਾਰ ਕਰ ਸਕਦਾ ਹੈ?

ਹੋ ਸਕਦਾ ਹੈ।

ਜ਼ਿਆਦਾਤਰ ਕੇਸਾਂ ਵਿੱਚ, ਤੁਹਾਡਾ ਮਕਾਨ ਮਾਲਕ ਨੂੰ ਤੁਹਾਨੂੰ ਤੁਹਾਡੇ ਡਿਪਾਜ਼ਿਟ, ਨਾ-ਵਾਪਸੀਯੋਗ ਫੀਸਾਂ, ਅਤੇ ਆਖਰੀ ਮਹੀਨੇ ਦਾ ਕਿਰਾਇਆ ਕਿਸ਼ਤਾਂ ਵਿੱਚ ਅਦਾ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ।

ਤੁਹਾਡਾ ਮਕਾਨ ਮਾਲਕ ਅਦਾਇਗੀ ਯੋਜਨਾ ਦੀ ਤੁਹਾਡੀ ਬੇਨਤੀ ਨੂੰ ਇੰਨਕਾਰ ਕਰ ਸਕਦਾ ਹੈ ਜੇਕਰ ਡਿਪਾਜ਼ਿਟਾਂ ਅਤੇ ਨਾ-ਵਾਪਸੀਯੋਗ ਫੀਸਾਂ ਦੀ ਕੁੱਲ ਰਕਮ ਪਹਿਲੇ ਮਹੀਨੇ ਦੇ ਕਿਰਾਏ ਦੇ 25 ਪ੍ਰਤੀਸ਼ਤ ਤੋਂ ਜਿਆਦਾ ਨਹੀਂ ਹੁੰਦਾ ਅਤੇ ਜਦੋਂ ਤੁਸੀਂ ਕਿਰਾਏ 'ਤੇ ਲੈਂਦੇ ਹੋ ਤਾਂ ਮਕਾਨ ਮਾਲਕ ਤੁਹਾਡੇ ਕੋਲੋਂ ਆਖਰੀ ਮਹੀਨੇ ਦੇ ਕਿਰਾਏ ਦੀ ਮੰਗ ਨਹੀਂ ਕਰਦਾ। ਪੜ੍ਹੋ ਕਿਰਾਏਦਾਰ ਹੁਣ ਸੱਭ ਤੋਂ ਦਾਖਿਲ ਹੋਣ ਵਾਲੇ ਖਰਚੇ ਕਿਸ਼ਤਾਂ ਵਿੱਚ ਅਦਾ ਕਰ ਸਕਦੇ ਹਨ। ਇਹ Washingtonlawhelp.org 'ਤੇ ਉਪਲਬਧ ਹੈ।

## ਕੀ ਮੇਰਾ ਮਕਾਨ ਮਾਲਕ ਮੈਨੂੰ ਬਾਹਰ ਕੱਢ ਸਕਦਾ ਹੈ?

ਨਹੀਂ। ਤੁਹਾਡਾ ਮਕਾਨ ਮਾਲਕ ਤੁਹਾਨੂੰ ਯੂਨਿਟ ਤੋਂ ਬਾਹਰ ਨਹੀਂ ਕੱਢ ਸਕਦਾ, ਚਾਹੇ ਜੋ ਵੀ ਹੋਵੇ। ਤੁਹਾਡਾ ਮਕਾਨ ਮਾਲਕ ਇਹ ਨਹੀਂ ਕਰ ਸਕਦਾ

- ਤਾਲੇ ਬਦਲਣੇ
- ਨਵੇਂ ਤਾਲ ਲਗਾਉਣੇ
- ਕਿਸੇ ਵੀ ਤਰੀਕੇ ਨਾਲ ਤੁਹਾਨੂੰ ਯੂਨਿਟ ਵਿੱਚ ਦਾਖਿਲ ਹੋਣ ਤੋਂ ਰੋਕਣਾ
- ਤੁਹਾਨੂੰ ਬਾਹਰ ਕੱਢਣਾ ਚਾਹੇ ਤੁਸੀਂ ਕਿਰਾਇਆ ਦੇਣ ਵਿੱਚ ਦੇਰੀ ਕੀਤੀ ਹੈ

❖ ਮਕਾਨ ਮਾਲਕ ਨੂੰ ਅਦਾਲਤ ਵਿੱਚ ਬਾਹਰ ਕੱਢਣ ਦਾ ਕੇਸ ਦਾਇਰ ਕਰਨਾ ਹੋਵੇਗਾ ਅਤੇ ਤੁਹਾਨੂੰ ਬਾਹਰ ਕੱਢਣ ਦੀ ਇਜਾਜ਼ਤ ਦਿੰਦਾ ਅਦਾਲਤ ਦਾ ਹੁਕਮ ਜਿੱਤਣਾ ਹੋਵੇਗਾ।

## ਕੀ ਮੇਰਾ ਮਕਾਨ ਮਾਲਕ ਮੇਰੀਆਂ ਸਹੂਲਤਾਂ ਬੰਦ ਕਰ ਸਕਦਾ ਹੈ?

**ਸਿਰਫ ਰਿਪੇਅਰਾਂ ਕਰਨ ਲਈ।** ਤੁਹਾਡਾ ਮਕਾਨ ਮਾਲਕ ਤੁਹਾਡੀਆਂ ਸਹੂਲਤਾਂ ਬੰਦ ਨਹੀਂ ਕਰ ਸਕਦਾ।

- ਕਿਉਂਕਿ ਤੁਸੀਂ ਕਿਰਾਇਆ ਦੇਣ ਵਿੱਚ ਦੇਰੀ ਕੀਤੀ ਹੈ।
- ਤੁਹਾਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਨ ਲਈ।

ਇਹ ਗੈਰਕਾਨੂੰਨੀ ਹੈ ਕਿ ਤੁਹਾਡਾ ਮਕਾਨ ਮਾਲਕ ਸੇਵਾ ਬੰਦ ਕਰਨ ਦੇ ਮਕਸਦ ਨਾਲ ਸਹੂਲਤ ਦੇ ਬਿੱਲਂ ਦੀ ਅਦਾਇਗੀ ਬੰਦ ਦੇਵੇ।

ਤੁਸੀਂ ਆਪਣੇ ਮਕਾਨ ਮਾਲਕ ਨੂੰ ਅਦਾਲਤ ਵਿੱਚ ਲਿਜਾ ਸਕਦੇ ਹੋ ਜੇ ਮਕਾਨ ਮਾਲਕ ਤੁਹਾਡੀਆਂ ਸਹੂਲਤਾਂ ਬੰਦ ਕਰਦਾ ਹੈ। ਜੇ ਤੁਸੀਂ ਜਿੱਤਦੇ ਹੋ, ਜੱਜ ਤੁਹਾਨੂੰ ਹਰੇਕ ਦਿਨ ਜਦੋਂ ਤੁਹਾਡੇ ਕੋਲ ਸਹੂਲਤਾਂ ਨਹੀਂ ਸਨ, ਲਈ $100 ਤੱਕ ਦਾ ਇਨਾਮ ਵੀ ਦੇ ਸਕਦਾ ਹੈ।

## ਕੀ ਮੇਰਾ ਮਕਾਨ ਮਾਲਕ ਮੇਰੀਆਂ ਨਿੱਜੀ ਚੀਜ਼ਾਂ ਰੱਖ ਸਕਦਾ ਹੈ?

ਸਿਰਫ ਉਦੋਂ ਜਦੋਂ ਤੁਸੀਂ ਯੂਨਿਟ ਨੂੰ ਛੱਡ ਦਿੱਤਾ ਹੈ। ਰਾਜ ਕਾਨੂੰਨ ਅਧੀਨ, ਤੁਸੀਂ ਜਗ੍ਹਾ ਨੂੰ ਛੱਡ ਦਿੱਤਾ ਹੈ ਜੇ **ਸਿਰਫ** ਹੇਠਾਂ ਦੋਵੇਂ ਸੱਚ ਹੁੰਦੇ ਹਨ:

- ਤੁਸੀਂ ਕਿਰਾਏ ਵਿੱਚ ਦੇਰੀ ਕਰ ਦਿੱਤੀ ਹੈ।
- ਤੁਸੀਂ ਆਪਣੇ ਮਕਾਨ ਮਾਲਕ ਨੂੰ, ਜ਼ੁਬਾਨੀ, ਗਤੀਵਿਧੀ ਦੁਆਰਾ ਜਾਂ ਲਿਖਤੀ ਦੱਸ ਦਿੱਤਾ ਹੈ ਕਿ ਤੁਸੀਂ ਛੱਡ ਰਹੇ ਹੋ।

ਇਹ ਗੈਰਕਾਨੂੰਨੀ ਹੈ ਕਿ ਤੁਹਾਡਾ ਮਕਾਨ ਮਾਲਕ ਕਿਰਾਇਆਨਾਮਾ ਵਿੱਚ ਲਿਖਵਾ ਲਵੇ ਕਿ ਉਹ ਤੁਹਾਡੀ ਸੰਪਤੀ ਨੂੰ ਲੈ ਸਕਦੇ ਹਨ।

ਜੇਕਰ ਤੁਹਾਡੀ ਮਕਾਨ ਮਾਲਕ ਤੁਹਾਡੀਆਂ ਚੀਜ਼ਾਂ ਲੈਂਦਾ ਹੈ, ਆਪਣਾ ਮਕਾਨ ਮਾਲਕ ਨਾਲ ਲਿਖਤੀ ਸੰਪਰਕ ਕਰੋ। ਜੇਕਰ ਤੁਸੀਂ ਉਸ ਤਰੀਕੇ ਨਾਲ ਆਪਣੀਆਂ ਚੀਜ਼ਾਂ ਵਾਪਿਸ ਨਹੀਂ ਪਾਉਂਦੇ, ਤਾਂ ਪੁਲਿਸ ਨੂੰ ਕਾਲ ਕਰੋ। ਤੁਸੀਂ ਆਪਣੇ ਮਕਾਨ ਮਾਲਕ ਨੂੰ ਅਦਾਲਤ ਵਿੱਚ ਲਿਜਾ ਕੇ ਉਸ ਨੂੰ ਮਜਬੂਰ ਕਰ ਸਕਦੇ ਹੋ ਕਿ ਉਹ ਤੁਹਾਡੀਆਂ ਚੀਜ਼ਾਂ ਵਾਪਿਸ ਕਰੇ। ਜੱਜ ਜੱਦ ਤੱਕ ਤੁਹਾਡੇ ਮਕਾਨ ਮਾਲਕ ਨੇ ਤੁਹਾਡੀਆਂ ਚੀਜ਼ਾਂ ਆਪਣੇ ਕੋਲ ਰੱਖੀਆਂ ਹਨ ਤੁਹਾਨੂੰ ਹਰੇਕ ਦਿਨ ਲਈ $500 ਤੱਕ ਇਨਾਮ, $5000 ਤੱਕ ਦੇ ਸਕਦਾ ਹੈ।

## ਕੀ ਮਕਾਨ ਮਾਲਕ ਮੈਨੂੰ ਖਸਤਾ ਹਾਲਤ ਵਾਲੀ ਜਗ੍ਹਾ ਮੈਨੂੰ ਕਿਰਾਏ 'ਤੇ ਦੇ ਸਕਦਾ ਹੈ?

ਮਕਾਨ ਮਾਲਕ ਮੌਜੂਦਾ ਕੋਡ ਉਲੰਘਣਾ ਵਾਲੀਆਂ ਪ੍ਰੋਪਰਟੀ ਕਿਰਾਏ 'ਤੇ ਨਹੀਂ ਦੇ ਸਕਦੇ। ਤੁਸੀਂ ਕੇਸ ਕਰ ਸਕਦੇ ਹੋ ਜੇ ਤੁਹਾਨੂੰ ਪਤਾ ਲੱਗੇ ਕਿ ਤੁਹਾਡੇ ਮਕਾਨ ਮਾਲਕ ਨੂੰ ਪਤਾ ਸੀ ਜਦੋਂ ਉਸਨੇ ਤੁਹਾਨੂੰ ਕਿਰਾਏ 'ਤੇ ਦਿੱਤੀ ਕਿ ਪ੍ਰੋਪਰਟੀ ਨੇ ਕੋਡ ਦੀ ਉਲੰਘਣਾ ਕੀਤੀ ਹੈ।

## ਕੀ ਮਕਾਨ ਮਾਲਕ ਮੇਰੇ ਖਿਲਾਫ ਬਦਲਾ ਲੈ ਸਕਦਾ ਹੈ?

ਤੁਹਾਡੇ ਮਕਾਨ ਮਾਲਕ ਦੇ ਖਿਲਾਫ ਚੁੱਕੇ ਕਾਨੂੰਨੀ ਕਦਮਾਂ ਲਈ ਤੁਹਾਡਾ ਮਕਾਨ ਮਾਲਕ ਤੁਹਾਡੇ ਖਿਲਾਫ "ਬਦਲਾ" (ਬਦਲਾ ਲੈਣਾ) ਨਹੀਂ ਲੈ ਸਕਦਾ।

**ਬਦਲੇ ਦੇ ਕੁੱਝ ਸੰਭਵ ਕੇਸ**:

**ਉਦਾਹਰਨ 1**: ਤੁਸੀਂ ਸ਼ਹਿਰ ਨੂੰ ਤੁਹਾਡੀ ਛੱਤ ਵਿੱਚ ਇੱਕ ਵੱਡੇ ਸੁਰਾਖ਼ ਦੀ ਰਿਪੋਰਟ ਕੀਤੀ। ਸ਼ਹਿਰ ਤੁਹਾਡੇ ਮਕਾਨ ਮਾਲਕ ਨੂੰ ਸੂਚਿਤ ਕਰਦਾ ਹੈ ਕਿ ਉਹ ਤੁਹਾਡੀ ਜਗ੍ਹਾ ਦੀ ਜਾਂਚ ਕਰਨਗੇ। ਤੁਹਾਡਾ ਮਕਾਨ ਮਾਲਕ ਤੁਹਾਨੂੰ ਕਹਿੰਦਾ ਹੈ ਕਿ ਉਹ ਕਿਰਾਇਆ ਵਧਾਉਣ ਜਾ ਰਿਹਾ ਹੈ।

**ਉਦਾਹਰਨ 2**: ਤੁਸੀਂ ਸਹੀ ਤਰੀਕੇ ਨਾਲ ਆਪਣੇ ਮਕਾਨ ਮਾਲਕ ਨੂੰ ਸੂਚਿਤ ਕਰਦੇ ਹੋ ਕਿ ਤੁਸੀਂ ਆਪਣੇ ਕਿਰਾਏ ਵਿੱਚ ਮੁਰੰਮਤ ਦੇ ਖਰਚੇ ਘਟਾ ਰਹੇ ਹੋ। ਇਹ ਨੋਟਿਸ ਮਿਲਣ ਤੋਂ ਬਾਅਦ, ਤੁਹਾਡੇ ਮਕਾਨ ਮਾਲਕ ਨੇ ਤੁਹਾਡੇ ਸੇਕ ਨੂੰ ਬੰਦ ਕਰ ਦਿੱਤਾ ਹੈ। ਤੁਹਾਡਾ ਸੇਕ ਤੁਹਾਡੀਆਂ ਮੁਰੰਮਤਾਂ ਨੇ ਨਾਲ ਗੈਰ-ਸਬੰਧਿਤ ਹੈ ਜੋ ਤੁਸੀਂ ਕਰਵਾਈਆਂ।

ਜੇਕਰ ਤੁਹਾਡਾ ਮਕਾਨ ਮਾਲਕ ਤੁਹਾਡੇ ਦੁਆਰਾ ਚੁੱਕੇ ਕਾਨੂੰਨੀ ਕਦਮ ਦੇ 90 ਦਿਨਾਂ ਦੇ ਅੰਦਰ-ਅੰਦਰ ਤੁਹਾਡੇ ਖਿਲਾਫ ਪ੍ਰਤਿਕੂਲ ਕਾਰਵਾਈ ਕਰਦਾ ਹੈ, ਤਾਂ ਇਸ ਨੂੰ ਬਦਲਾ ਗਿਣਿਆ ਜਾ ਸਕਦਾ ਹੈ ਅਤੇ ਇਹ ਗੈਰਕਾਨੂੰਨੀ ਹੈ। ਆਪਣੇ ਵਕੀਲ ਨਾਲ ਗੱਲ ਕਰੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਮਕਾਨ ਮਾਲਕ ਸ਼ਾਇਦ ਤੁਹਾਡੇ ਨਾਲ ਗੈਰਕਾਨੂੰਨੀ ਢੰਗ ਨਾਲ ਬਦਲਾ ਲੈ ਰਿਹਾ ਹੈ। ਤੁਸੀਂ ਕੇਸ ਦਾਇਰ ਕਰਨ ਦੇ ਯੋਗ ਹੋ ਸਕਦੇ ਹੋ।

## ਕੀ ਮਕਾਨ ਮਾਲਕ ਨਕਦ ਕਿਰਾਇਆ ਲੈਣ ਤੋਂ ਇੰਨਕਾਰ ਕਰ ਸਕਦਾ ਹੈ?

ਮਕਾਨ ਮਾਲਕ ਕਿਰਾਏਦਾਰ ਤੋਂ ਨਕਦ ਕਿਰਾਇਆ ਲੈਣ ਤੋਂ ਇੰਨਕਾਰ ਕਰ **ਸਕਦਾ** ਹੈ। ਜੇਕਰ ਮਕਾਨ ਮਾਲਕ ਨਕਦ ਕਿਰਾਇਆ ਸਵੀਕਾਰ ਕਰਦਾ ਹੈ, ਤਾਂ ਮਕਾਨ ਮਾਲਕ ਨੂੰ ਤੁਹਾਨੂੰ ਇੱਕ ਰਸੀਦ ਦੇਣੀ ਹੋਵੇਗੀ।

ਜੇਕਰ ਤੁਸੀਂ ਇਸ ਲਈ ਪੁੱਛਦੇ ਹੋ, ਤਾਂ ਮਕਾਨ ਮਾਲਕ ਨੂੰ ਤੁਹਾਨੂੰ ਕਿਸੇ ਵੀ ਅਦਾਇਗੀ ਲਈ ਜੋ ਤੁਸੀਂ ਮਕਾਨ ਮਾਲਕ ਨੂੰ ਕਰਦੇ ਹੋ ਲਈ ਇੱਕ ਲਿਖਤੀ ਰਸੀਦ ਦੇਣੀ ਹੋਵੇਗੀ।

## ਕਾਨੂੰਨੀ ਮੱਦਦ ਹਾਸਿਲ ਕਰੋ

- ਕਿੰਗ ਕਾਉਂਟੀ ਦੇ ਬਾਹਰ, CLEAR ਹਾਟਲਾਈtਨ ਨੂੰ 1-888-201-1014 ਹਫਤੇ ਦੇ ਦਿਨਾਂ ਵਿੱਚ 9:15 am - 12:15 pm ਦੇ ਦਰਮਿਆਨ ਕਾਲ ਕਰੋ।
- ਕਿੰਗ ਕਾਉਂਟੀ ਦੇ ਅੰਦਰ, ਹਫਤੇ ਦੇ ਦਿਨਾਂ ਵਿੱਚ 2-1-1 'ਤੇ 8:00 am - 6:00 pm ਦਰਮਿਆਨ ਕਾਲ ਕਰੋ। ਉਹ ਤੁਹਾਨੂੰ ਤੁਹਾਡੇ ਕਾਨੂੰਨੀ ਮੱਦਦ ਪ੍ਰਦਾਤਾ ਨੂੰ ਰੈਫਰ ਕਰ ਦੇਣਗੇ।
- ਸੀਨੀਅਰ (60 ਜਾਂ ਇਸ ਤੋਂ ਵੱਧ ਉਮਰ) CLEAR*Sr ਨੂੰ 1-888-387-7111 'ਤੇ (ਰਾਜ ਪੱਧਰੀ) ਵੀ ਕਾਲ ਕਰ ਸਕਦੇ ਹਨ।
- ਤੁਸੀਂ CLEAR*Online ਨਾਲ ਵੀ ਆਨਲਾਈਨ ਅਪਲਾਈ ਕਰ ਸਕਦੇ ਹੋ: nwjustice.org/get-legal-help.

---

ਇਹ ਪਬਲੀਕੇਸ਼ਨ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨਾਲ ਸਬੰਧਿਤ ਆਮ ਜਾਣਕਾਰੀ ਮੁੱਹਈਆਂ ਕਰਾਉਂਦੀ ਹੈ। ਇਹ ਖਾਸ ਕਾਨੂੰਨੀ ਸਲਾਹ ਦਾ ਬਦਲ ਵਜੋਂ ਨਾ ਮੰਨਿਆ ਜਾਵੇ।

**© 2020 Northwest Justice Project — 1-888-201-1014.**

(ਕਾਪੀ ਕਰਨ ਅਤੇ ਵੰਡਣ ਦੀ ਆਗਿਆ ਅਲਾਇੰਸ ਫਾਰ ਈਕੁਅਲ ਜਸਟਿਸ ਅਤੇ ਵਿਅਕਤੀਆਂ ਨੂੰ ਗੈਰ-ਵਿੱਤੀ ਇਰਾਦਿਆਂ ਲਈ ਹੀ ਦਿੱਤੀ ਗਈ ਹੈ।)